ਮਿੱਠੇ ਬੱਚੇ:- ਤੁਸੀਂ ਇਸ ਯੂਨੀਵਰਸਿਟੀ ਵਿੱਚ ਆਏ ਹੋ ਪੁਰਾਣੀ ਦੁਨੀਆਂ ਤੋਂ ਮਰਕੇ ਨਵੀਂ ਦੁਨੀਆਂ ਵਿੱਚ ਜਾਣ ਲਈ , ਹੁਣ ਤੁਹਾਡੀ ਪ੍ਰੀਤ ਇੱਕ ਭਗਵਾਨ ਨਾਲ ਹੋਈ ਹੈ "

ਪ੍ਰਸ਼ਨ:- ਕਿਸ ਵਿਧੀ ਨਾਲ ਬਾਪ ਦੀ ਯਾਦ ਤੁਹਾਨੂੰ ਸਾਹੂਕਾਰ ਬਣਾ ਦਿੰਦੀ ਹੈ?

ਉੱਤਰ:- ਬਾਪ ਹੈ ਬਿੰਦੂ। ਤੁਸੀਂ ਬਿੰਦੂ ਬਣ ਬਿੰਦੂ ਨੂੰ ਯਾਦ ਕਰੋ ਤਾਂ ਸਾਹੂਕਾਰ ਬਣ ਜਾਵੋਗੇ। ਜਿਵੇਂ ਇੱਕ ਦੇ ਨਾਲ ਬਿੰਦੂ ਲਗਾਓ ਤਾਂ 10 ਫਿਰ ਬਿੰਦੂ ਲਗਾਓ ਤਾਂ 100, ਫਿਰ 1000 ਹੋ ਜਾਂਦਾ ਹੈ। ਇਵੇਂ ਬਾਪ ਦੀ ਯਾਦ ਨਾਲ ਬਿੰਦੂ ਲੱਗਦੀ ਜਾਂਦੀ ਹੈ। ਤੁਸੀਂ ਧਨਵਾਨ ਬਣਦੇ ਜਾਂਦੇ ਹੋ। ਯਾਦ ਵਿੱਚ ਹੀ ਸੱਚੀ ਕਮਾਈ ਹੈ।

ਗੀਤ:- ਮਹਿਫ਼ਿਲ ਮੇ ਜਲ ਉਠੀ ਸ਼ਮਾ...

ਓਮ ਸ਼ਾਂਤੀ। ਇਸ ਗੀਤ ਦਾ ਅਰਥ ਕਿੰਨਾ ਵਚਿੱਤਰ ਹੈ - ਪ੍ਰੀਤ ਬਣੀ ਹੈ ਕਿਸ ਦੇ ਲਈ? ਕਿਸ ਤੋਂ ਬਣੀ ਹੈ? ਭਗਵਾਨ ਤੋਂ ਕਿਉਂਕਿ ਇਸ ਦੁਨੀਆਂ ਤੋਂ ਮਰਕੇ ਉਨ੍ਹਾਂ ਦੇ ਕੋਲ ਜਾਣਾ ਹੈ। ਇਵੇਂ ਕਦੀ ਕਿਸ ਦੇ ਨਾਲ ਪ੍ਰੀਤ ਹੁੰਦੀ ਹੈ ਕੀ? ਜੋ ਇਹ ਖਿਆਲ ਵਿੱਚ ਆਏ ਕਿ ਮਰ ਜਾਵਾਂਗੇ ਫਿਰ ਕੋਈ ਪ੍ਰੀਤ ਰੱਖਣਗੇ? ਗੀਤ ਦਾ ਅਰਥ ਕਿੰਨਾ ਵੰਡਰਫੁਲ ਹੈ। ਸ਼ਮਾਂ ਤੋਂ ਪਰਵਾਨੇ ਪ੍ਰੀਤ ਰੱਖ ਫੇਰੀ ਪਹਿਣ - ਪਹਿਣ ਜਲ ਮਰਦੇ ਹਨ। ਤੁਹਾਨੂੰ ਵੀ ਬਾਪ ਦੀ ਪ੍ਰੀਤ ਵਿੱਚ ਇਹ ਸ਼ਰੀਰ ਛੱਡਣਾ ਹੈ ਮਤਲਬ ਬਾਪ ਨੂੰ ਯਾਦ ਕਰਦੇ - ਕਰਦੇ ਸ਼ਰੀਰ ਛੱਡਣਾ ਹੈ। ਇਹ ਗਾਇਨ ਸਿਰਫ ਇੱਕ ਦੇ ਲਈ ਹੈ। ਉਹ ਬਾਪ ਜੱਦ ਆਉਂਦਾ ਹੈ ਤਾਂ ਉਨ੍ਹਾਂ ਨਾਲ ਜੋ ਪ੍ਰੀਤ ਰੱਖਦੇ ਹਨ, ਉਨ੍ਹਾਂ ਨੂੰ ਇਸ ਦੁਨੀਆਂ ਤੋਂ ਮਰਨਾ ਪੈਂਦਾ ਹੈ। ਭਗਵਾਨ ਨਾਲ ਪ੍ਰੀਤ ਰੱਖਦੇ ਹਨ ਤਾਂ ਮਰਕੇ ਕਿੱਥੇ ਜਾਣਗੇ। ਜਰੂਰ ਭਗਵਾਨ ਦੇ ਕੋਲ ਹੀ ਜਾਣਗੇ। ਮਨੁੱਖ ਦਾਨ - ਪੁੰਨ ਤੀਰਥ ਯਾਤਰਾ ਆਦਿ ਕਰਦੇ ਹਨ। ਭਗਵਾਨ ਦੇ ਕੋਲ ਜਾਣ ਦੇ ਲਈ। ਸ਼ਰੀਰ ਛੱਡਣ ਸਮੇਂ ਵੀ ਮਨੁੱਖ ਨੂੰ ਕਹਿੰਦੇ ਹਨ ਭਗਵਾਨ ਨੂੰ ਯਾਦ ਕਰੋ। ਭਗਵਾਨ ਕਿੰਨਾ ਨਾਮੀਗ੍ਰਾਮੀ ਹੈ। ਉਹ ਆਉਂਦੇ ਹਨ ਤਾਂ ਸਾਰੀ ਦੁਨੀਆਂ ਨੂੰ ਖਤਮ ਕਰ ਦਿੰਦੇ ਹਨ। ਤੁਸੀਂ ਜਾਣਦੇ ਹੋ ਅਸੀਂ ਇਸ ਯੂਨੀਵਰਸਿਟੀ ਵਿੱਚ ਆਉਂਦੇ ਹਾਂ ਪੁਰਾਣੀ ਦੁਨੀਆਂ ਤੋਂ ਮਰਕੇ ਨਵੀਂ ਦੁਨੀਆਂ ਵਿੱਚ ਜਾਣ ਦੇ ਲਈ। ਪੁਰਾਣੀ ਦੁਨੀਆਂ ਨੂੰ ਪਤਿਤ ਦੁਨੀਆਂ, ਹੇਲ ਕਿਹਾ ਜਾਂਦਾ ਹੈ। ਬਾਪ ਨਵੀਂ ਦੁਨੀਆਂ ਵਿੱਚ ਜਾਣ ਦਾ ਰਸਤਾ ਦੱਸਦੇ ਹਨ। ਸਿਰਫ ਮੈਨੂੰ ਯਾਦ ਕਰੋ, ਮੈ ਹਾਂ ਹੈਵਿਨਲੀ ਗਾਡ ਫਾਦਰ। ਉਸ ਫਾਦਰ ਤੋਂ ਤੁਹਾਨੂੰ ਧਨ ਮਿਲਦਾ ਹੈ, ਮਲਕੀਅਤ, ਮਕਾਨ ਆਦਿ ਮਿਲਣਗੇ। ਬੱਚੀਆਂ ਨੂੰ ਤਾਂ ਵਰਸਾ ਮਿਲਣਾ ਨਹੀਂ ਹੈ। ਉਨ੍ਹਾਂ ਨੂੰ ਦੂਜੇ ਘਰ ਭੇਜ ਦਿੰਦੇ ਹਨ। ਗੋਇਆ ਉਹ ਵਾਰਿਸ ਨਹੀਂ ਠਹਿਰੀ। ਇਹ ਭਗਵਾਨ ਤਾਂ ਹੈ ਸਾਰੀ ਆਤਮਾਵਾਂ ਦਾ ਬਾਪ, ਇਨ੍ਹਾਂ ਦੇ ਕੋਲ ਸਭ ਨੂੰ ਆਉਣਾ ਹੈ। ਕਿਸੇ ਸਮੇਂ ਜਰੂਰ ਬਾਪ ਆਉਂਦੇ ਹਨ ਸਭ ਨੂੰ ਘਰ ਲੈ ਜਾਂਦੇ ਹਨ ਕਿਉਂਕਿ ਨਵੀਂ ਦੁਨੀਆਂ ਵਿੱਚ ਬਹੁਤ ਥੋੜੇ ਮਨੁੱਖ ਹੁੰਦੇ ਹਨ। ਪੁਰਾਣੀ ਦੁਨੀਆਂ ਵਿੱਚ ਤਾਂ ਬਹੁਤ ਹਨ। ਨਵੀਂ ਦੁਨੀਆਂ ਵਿੱਚ ਮਨੁੱਖ ਵੀ ਥੋੜੇ ਅਤੇ ਸੁੱਖ ਵੀ ਬਹੁਤ ਹੁੰਦਾ ਹੈ। ਪੁਰਾਣੀ ਦੁਨੀਆਂ ਵਿੱਚ ਬਹੁਤ ਮਨੁੱਖ ਹਨ ਤਾਂ ਦੁੱਖ ਵੀ ਬਹੁਤ ਹਨ, ਇਸਲਈ ਪੁਕਾਰਦੇ ਹਨ। ਬਾਪੂ ਗਾਂਧੀ ਵੀ ਕਹਿੰਦੇ ਸੀ ਹੇ ਪਤਿਤ - ਪਾਵਨ ਆਓ। ਸਿਰਫ ਉਨ੍ਹਾਂ ਨੂੰ ਜਾਣਦੇ ਨਹੀਂ ਸੀ। ਸਮਝਦੇ ਵੀ ਹਨ ਪਤਿਤ - ਪਾਵਨ ਪਰਮਪਿਤਾ ਪਰਮਾਤਮਾ ਹੈ, ਉਹ ਹੀ ਵਰਲਡ ਦਾ ਲਿਬ੍ਰੇਟਰ ਹੈ। ਰਾਮ - ਸੀਤਾ ਨੂੰ ਤਾਂ ਸਾਰੀ ਦੁਨੀਆਂ ਨਹੀਂ ਮਨੇਗੀ। ਸਾਰੀ ਦੁਨੀਆਂ ਪਰਮਪਿਤਾ ਪਰਮਾਤਮਾ ਨੂੰ ਲਿਬ੍ਰੇਟਰ, ਗਾਈਡ ਮਨਦੀ ਹੈ। ਲਿਬ੍ਰੇਟ ਕਰਦੇ ਹਨ ਦੁੱਖ ਤੋਂ। ਅੱਛਾ ਦੁੱਖ ਦੇਣ ਵਾਲਾ ਕੌਣ? ਬਾਪ ਤਾਂ ਦੁੱਖ ਦੇ ਨਾ ਸਕੇ ਕਿਉਂਕਿ ਉਹ ਤਾਂ ਪਤਿਤ - ਪਾਵਨ ਹੈ। ਪਾਵਨ ਦੁਨੀਆਂ ਸੁੱਖਧਾਮ ਵਿੱਚ ਲੈ ਜਾਣ ਵਾਲਾ ਹੈ। ਤੁਸੀਂ ਹੋ ਉਸ ਰੂਹਾਨੀ ਬਾਪ ਦੇ ਰੂਹਾਨੀ ਬੱਚੇ। ਜਿਵੇਂ ਬਾਪ, ਉਵੇਂ ਦੇ ਬੱਚੇ। ਲੌਕਿਕ ਬਾਪ ਦੇ ਹਨ ਲੌਕਿਕ ਮਤਲਬ ਜਿਸਮਾਨੀ ਬੱਚੇ। ਹੁਣ ਤੁਸੀਂ ਬੱਚਿਆਂ ਨੂੰ ਇਹ ਸਮਝਣਾ ਹੈ ਅਸੀਂ ਆਤਮਾ ਹਾਂ, ਪਰਮਪਿਤਾ ਪਰਮਾਤਮਾ ਸਾਨੂੰ ਵਰਸਾ ਦੇਣ ਆਏ ਹਨ। ਅਸੀਂ ਉਨ੍ਹਾਂ ਦੇ ਬੱਚੇ ਬਣਾਂਗੇ ਤਾਂ ਸ੍ਵਰਗ ਦਾ ਵਰਸਾ ਜਰੂਰ ਮਿਲੇਗਾ। ਉਹ ਹੈ ਹੀ ਸ੍ਵਰਗ ਸਥਾਪਨ ਕਰਨ ਵਾਲਾ। ਅਸੀਂ ਸਟੂਡੈਂਟ ਹਾਂ, ਇਹ ਭੁੱਲਣਾ ਨਹੀਂ ਚਾਹੀਦਾ ਹੈ। ਬੱਚਿਆਂ ਦੀ ਬੁੱਧੀ ਵਿੱਚ ਰਹਿੰਦਾ ਹੈ ਸ਼ਿਵਬਾਬਾ ਮਧੂਬਨ ਵਿੱਚ ਮੁਰਲੀ ਵਜਾਉਂਦੇ ਹਨ। ਉਹ (ਕਾਠ ਦੀ) ਮੁਰਲੀ ਤਾਂ ਇੱਥੇ ਨਹੀਂ ਹੈ। ਕ੍ਰਿਸ਼ਨ ਦਾ ਡਾਂਸ ਕਰਨਾ, ਮੁਰਲੀ ਵਜਾਉਣਾ - ਉਹ ਸਭ ਭਗਤੀ ਮਾਰਗ ਦਾ ਹੈ। ਬਾਕੀ ਗਿਆਨ ਦੀ ਮੁਰਲੀ ਤਾਂ ਸ਼ਿਵਬਾਬਾ ਹੀ ਵਜਾਉਂਦੇ ਹਨ। ਤੁਹਾਡੇ ਕੋਲ ਚੰਗੇ - ਚੰਗੇ ਗੀਤ ਬਣਾਉਣ ਵਾਲੇ ਆਉਣਗੇ। ਗੀਤ ਅਕਸਰ ਕਰਕੇ ਪੁਰਸ਼ ਹੀ ਬਣਾਉਂਦੇ ਹਨ। ਤੁਹਾਨੂੰ ਗਿਆਨ ਦੇ ਗੀਤ ਹੀ ਗਾਉਣੇ ਚਾਹੀਦੇ ਹਨ ਜਿਸ ਨਾਲ ਸ਼ਿਵਬਾਬਾ ਦੀ ਯਾਦ ਆਵੇ।

ਬਾਪ ਕਹਿੰਦੇ ਹਨ ਮੈਨੂੰ ਅਲਫ਼ ਨੂੰ ਯਾਦ ਕਰੋ। ਸ਼ਿਵ ਨੂੰ ਕਹਿੰਦੇ ਹਨ ਬਿੰਦੂ। ਵਪਾਰੀ ਲੋਕ ਬਿੰਦੂ ਲਿਖਣਗੇ ਤਾਂ ਕਹਿਣਗੇ ਸ਼ਿਵ। ਇੱਕ ਦੇ ਅੱਗੇ ਬਿੰਦੂ ਲਿੱਖੋ ਤਾਂ 10 ਹੋ ਜਾਏਗਾ ਫਿਰ ਬਿੰਦੂ ਲਿਖੋ ਤਾਂ 100 ਹੋ ਜਾਂਦਾ ਹੈ। ਫਿਰ ਬਿੰਦੀ ਲਿਖੋ ਤਾਂ 1000 ਹੋ ਜਾਏਗਾ। ਤਾਂ ਤੁਹਾਨੂੰ ਵੀ ਸ਼ਿਵ ਨੂੰ ਯਾਦ ਕਰਨਾ ਹੈ। ਜਿੰਨਾ ਸ਼ਿਵ ਨੂੰ ਯਾਦ ਕਰੋਗੇ ਬਿੰਦੀ - ਬਿੰਦੀ ਲੱਗਦੀ ਜਾਏਗੀ। ਤੁਸੀਂ ਅੱਧਾਕਲਪ ਦੇ ਲਈ ਸਾਹੂਕਾਰ ਬਣ ਜਾਂਦੇ ਹੋ। ਉੱਥੇ ਗਰੀਬ ਹੁੰਦਾ ਹੀ ਨਹੀਂ। ਸਭ ਸੁਖੀ ਰਹਿੰਦੇ ਹਨ। ਦੁੱਖ ਦਾ ਨਾਮ ਨਹੀਂ। ਬਾਪ ਦੀ ਯਾਦ ਨਾਲ ਵਿਕਰਮ ਵਿਨਾਸ਼ ਹੁੰਦੇ ਜਾਣਗੇ। ਤੁਸੀਂ ਬਹੁਤ ਧਨਵਾਨ ਬਣੋਗੇ। ਇਸ ਨੂੰ ਕਿਹਾ ਜਾਂਦਾ ਹੈ ਸੱਚੇ ਬਾਪ ਦਵਾਰਾ ਸੱਚੀ ਕਮਾਈ। ਇਹ ਹੀ ਨਾਲ ਚੱਲੇਗੀ। ਮਨੁੱਖ ਸਭ ਖਾਲੀ ਹੱਥ ਜਾਂਦੇ ਹਨ। ਤੁਹਾਨੂੰ ਭਰਤੂ ਹੱਥ ਜਾਣਾ ਹੈ। ਬਾਪ ਨੂੰ ਯਾਦ ਕਰਨਾ ਹੈ। ਬਾਪ ਨੇ ਸਮਝਾਇਆ ਹੈ ਪਿਓਰਿਟੀ ਹੋਵੇਗੀ ਤਾਂ

ਪੀਸ, ਪ੍ਰਾਸਪੈਰਿਟੀ ਮਿਲੇਗੀ। ਤੁਸੀਂ ਆਤਮਾ ਪਹਿਲੇ ਪਿਓਰ ਸੀ ਫਿਰ ਇਮਪਿਓਰ ਬਣੀ ਹੋ। ਸੰਨਿਆਸੀਆਂ ਨੂੰ ਵੀ ਸੇਮੀ ਪਿਓਰ ਕਹਿਣਗੇ। ਤੁਹਾਡਾ ਹੈ ਫੁਲ ਸੰਨਿਆਸ। ਤੁਸੀਂ ਜਾਣਦੇ ਹੋ ਉਹ ਕਿੰਨਾ ਸੁੱਖ ਲੈਂਦੇ ਹਨ। ਥੋੜਾ ਸੁੱਖ ਹੈ ਫਿਰ ਤਾਂ ਦੁੱਖ ਹੀ ਹੈ। ਅੱਗੇ ਉਹ ਲੋਕ ਸਰਵਵਿਆਪੀ ਨਹੀਂ ਕਹਿੰਦੇ ਸੀ। ਸਰਵਵਿਆਪੀ ਕਹਿਣ ਨਾਲ ਡਿੱਗਦੇ ਜਾਂਦੇ ਹਨ। ਦੁਨੀਆਂ ਵਿੱਚ ਕਈ ਕਿਸਮ ਦੇ ਮੇਲੇ ਲੱਗਦੇ ਹਨ ਕਿਓਂਕਿ ਆਮਦਨੀ ਤਾਂ ਹੁੰਦੀ ਹੈ ਨਾ। ਇਹ ਵੀ ਉਨ੍ਹਾਂ ਦਾ ਧੰਧਾ ਹੈ। ਕਹਿੰਦੇ ਹਨ ਧੰਧੇ ਸਭ ਵਿੱਚ ਧੂਲ, ਬਗੈਰ ਧੰਧੇ ਨਰ ਤੋਂ ਨਾਰਾਇਣ ਬਣਨ ਦੇ। ਇਹ ਧੰਧਾ ਕੋਈ ਵਿਰਲਾ ਕਰੇ। ਬਾਪ ਦਾ ਬਣਕੇ ਸਭ ਕੁਝ ਦੇਹ ਸਹਿਤ ਬਾਪ ਨੂੰ ਦੇ ਦੇਣਾ ਹੈ ਕਿਓਂਕਿ ਤੁਸੀਂ ਚਾਹੁੰਦੇ ਹੋ ਨਵਾਂ ਸ਼ਰੀਰ ਮਿਲੇ। ਬਾਪ ਕਹਿੰਦੇ ਹਨ ਤੁਸੀਂ ਕ੍ਰਿਸ਼ਨਪੁਰੀ ਵਿੱਚ ਜਾ ਸਕਦੇ ਹੋ ਪਰ ਆਤਮਾ ਜਦੋਂ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣੇ। ਕ੍ਰਿਸ਼ਨਪੁਰੀ ਵਿੱਚ ਇਵੇਂ ਨਹੀਂ ਕਹਿਣਗੇ - ਸਾਨੂੰ ਪਾਵਨ ਬਣਾਓ। ਇੱਥੇ ਸਾਰੇ ਮਨੁੱਖ ਮਾਤਰ ਪੁਕਾਰਦੇ ਹਨ ਹੇ ਲਿਬ੍ਰੇਟਰ ਆਓ। ਇਸ ਪਾਪ ਆਤਮਾਵਾਂ ਦੀ ਦੁਨੀਆਂ ਤੋਂ ਸਾਨੂੰ ਲਿਬ੍ਰੇਟ ਕਰੋ।

ਹੁਣ ਤੁਸੀਂ ਜਾਣਦੇ ਹੋ ਬਾਪ ਆਇਆ ਹੈ ਸਾਨੂੰ ਆਪਣੇ ਨਾਲ ਲੈ ਜਾਣ। ਉੱਥੇ ਜਾਣਾ ਤਾਂ ਚੰਗਾ ਹੈ ਨਾ। ਮਨੁੱਖ ਸ਼ਾਂਤੀ ਚਾਹੁੰਦੇ ਹਨ। ਹੁਣ ਸ਼ਾਂਤੀ ਕਿਸ ਨੂੰ ਕਹਿੰਦੇ ਹਨ? ਕਰਮ ਬਗੈਰ ਤਾਂ ਕੋਈ ਰਹਿ ਨਾ ਸਕੇ। ਸ਼ਾਂਤੀ ਤਾਂ ਹੈ ਹੀ ਸ਼ਾਂਤੀਧਾਮ ਵਿੱਚ। ਫਿਰ ਵੀ ਸ਼ਰੀਰ ਲੈਕੇ ਕਰਮ ਤਾਂ ਕਰਨਾ ਹੀ ਹੈ। ਸਤਿਯੁਗ ਵਿੱਚ ਕਰਮ ਤਾਂ ਕਰਨਾ ਹੀ ਹੈ। ਸਤਿਯੁਗ ਵਿੱਚ ਕਰਮ ਕਰਦੇ ਹੋਏ ਵੀ ਸ਼ਾਂਤੀ ਰਹਿੰਦੀ ਹੈ। ਅਸ਼ਾਂਤੀ ਵਿੱਚ ਮਨੁੱਖ ਨੂੰ ਦੁੱਖ ਹੁੰਦਾ ਹੈ ਇਸਲਈ ਕਹਿੰਦੇ ਹਨ ਸ਼ਾਂਤੀ ਕਿਵੇਂ ਮਿਲੇ। ਹੁਣ ਤੁਸੀਂ ਬੱਚੇ ਜਾਣਦੇ ਹੋ ਸ਼ਾਂਤੀਧਾਮ ਹੀ ਸਾਡਾ ਘਰ ਹੈ। ਸਤਿਯੁਗ ਵਿੱਚ ਸ਼ਾਂਤੀ ਵੀ ਹੈ, ਸੁੱਖ ਵੀ ਹੈ। ਸਭ ਕੁਝ ਹੈ। ਹੁਣ ਉਹ ਚਾਹੀਦਾ ਜਾਂ ਸਿਰਫ ਸ਼ਾਂਤੀ ਚਾਹੀਦੀ ਹੈ। ਇੱਥੇ ਤਾਂ ਦੁੱਖ ਹੈ ਇਸਲਈ ਪਤਿਤ - ਪਾਵਨ ਬਾਪ ਨੂੰ ਵੀ ਇੱਥੇ ਪੁਕਾਰਦੇ ਹਨ। ਭਗਤੀ ਕਰਦੇ ਹੀ ਹਨ ਭਗਵਾਨ ਨੂੰ ਮਿਲਣ ਲਈ। ਭਗਤੀ ਵੀ ਪਹਿਲੇ ਅਵਿਭਚਾਰੀ ਫਿਰ ਵਿਭਚਾਰੀ ਹੁੰਦੀ ਹੈ। ਵਿਭਚਾਰੀ ਭਗਤੀ ਵਿੱਚ ਵੇਖੋ ਕੀ - ਕੀ ਕਰਦੇ ਹਨ। ਸੀੜੀ ਵਿੱਚ ਕਿੰਨਾ ਚੰਗਾ ਵਿਖਾਇਆ ਹੋਇਆ ਹੈ ਪਰ ਪਹਿਲੇ - ਪਹਿਲੇ ਤਾਂ ਸਿੱਧ ਕਰਨਾ ਚਾਹੀਦਾ ਹੈ - ਭਗਵਾਨ ਕੌਣ ਹੈ? ਸ੍ਰੀਕ੍ਰਿਸ਼ਨ ਨੂੰ ਅਜਿਹਾ ਕਿਸ ਨੇ ਬਣਾਇਆ? ਅੱਗੇ ਜਨਮ ਵਿੱਚ ਕੌਣ ਸੀ? ਸਮਝਾਉਣ ਦੀ ਬੜੀ ਯੁਕਤੀ ਚਾਹੀਦੀ ਹੈ। ਜੋ ਚੰਗੀ ਸਰਵਿਸ ਕਰਦੇ ਹਨ ਉਨ੍ਹਾਂ ਦੀ ਦਿਲ ਵੀ ਸ਼ਾਇਦੀ (ਗਵਾਹੀ) ਦਿੰਦੀ ਹੈ। ਯੂਨੀਵਰਸਿਟੀ ਵਿੱਚ ਜੋ ਚੰਗੀ ਤਰ੍ਹਾਂ ਪੜ੍ਹਨਗੇ ਉਹ ਜਰੂਰ ਤਿੱਖੇ ਜਾਣਗੇ। ਨੰਬਰਵਾਰ ਤਾਂ ਹੁੰਦੇ ਹੀ ਹਨ। ਕੋਈ ਡਲਹੇਡ ਵੀ ਹੁੰਦੇ ਹਨ। ਸ਼ਿਵਬਾਬਾ ਨੂੰ ਆਤਮਾ ਕਹਿੰਦੀ ਹੈ - ਮੇਰੀ ਬੁੱਧੀ ਦਾ ਤਾਲਾ ਖੋਲੋ। ਬਾਪ ਕਹਿੰਦੇ ਹਨ ਬੁੱਧੀ ਦਾ ਤਾਲਾ ਖੋਲਣ ਦੇ ਲਈ ਹੀ ਤਾਂ ਆਇਆ ਹਾਂ। ਪਰ ਤੁਹਾਡੇ ਕਰਮ ਅਜਿਹੇ ਹਨ ਜੋ ਤਾਲਾ ਖੁਲਦਾ ਨਹੀਂ ਹੈ। ਫਿਰ ਬਾਬਾ ਕੀ ਕਰਨਗੇ? ਬਹੁਤ ਪਾਪ ਕੀਤੇ ਹੋਏ ਹਨ। ਹੁਣ ਬਾਬਾ ਉਨ੍ਹਾਂ ਨੂੰ ਕੀ ਕਰਣਗੇ? ਟੀਚਰ ਨੂੰ ਅੱਗੇ ਸਟੂਡੈਂਟ ਕਹਿਣ ਕਿ ਅਸੀਂ ਘੱਟ ਪੜ੍ਹਦੇ ਹਾਂ ਤਾਂ ਟੀਚਰ ਕੀ ਕਰਣਗੇ? ਟੀਚਰ ਕੋਈ ਕ੍ਰਿਪਾ ਤਾਂ ਨਹੀਂ ਕਰਨਗੇ! ਕਰਕੇ ਉਸ ਦੇ ਲਈ ਐਕਸਟਰਾ ਟਾਈਮ ਰੱਖਣਗੇ। ਉਹ ਤਾਂ ਤੁਹਾਨੂੰ ਮਨ ਨਹੀਂ ਹੈ। ਪ੍ਰਦਰਸ਼ਨੀ ਖੁਲੀ ਪਈ ਹੈ ਬੈਠ ਕੇ ਪ੍ਰੈਕਟਿਸ ਕਰੋ। ਭਗਤੀ ਮਾਰਗ ਵਿੱਚ ਤਾਂ ਕੋਈ ਕਹਿਣਗੇ ਮਾਲਾ ਫੇਰੋ, ਕੋਈ ਕਹਿਣਗੇ ਇਹ ਮੰਤਰ ਯਾਦ ਕਰੋ। ਇੱਥੇ ਤਾਂ ਬਾਪ ਆਪਣਾ ਪਰਿਚੈ ਦਿੰਦੇ ਹਨ। ਬਾਪ ਨੂੰ ਯਾਦ ਕਰਨਾ ਹੈ, ਜਿਸ ਤੋਂ ਵਰਸਾ ਮਿਲ ਜਾਂਦਾ ਹੈ। ਤਾਂ ਚੰਗੀ ਤਰ੍ਹਾਂ ਨਾਲ ਬਾਪ ਤੋਂ ਪੂਰਾ ਵਰਸਾ ਲੈਣਾ ਚਾਹੀਦਾ ਹੈ ਨਾ। ਇਸ ਵਿੱਚ ਵੀ ਬਾਪ ਕਹਿੰਦੇ ਹਨ ਵਿਕਾਰ ਵਿੱਚ ਕਦੀ ਨਹੀਂ ਜਾਣਾ। ਥੋੜਾ ਵੀ ਵਿਕਾਰ ਦੀ ਟੇਸਟ ਬੈਠੀ ਤਾਂ ਫਿਰ ਵ੍ਰਿਧੀ ਹੋ ਜਾਵੇਗੀ। ਸਿਗਰੇਟ ਆਦਿ ਦੀ ਇੱਕ ਵਾਰ ਵੀ ਟੇਸਟ ਕਰਦੇ ਹਨ ਤਾਂ ਸੰਗ ਦਾ ਰੰਗ ਝੱਟ ਲੱਗ ਜਾਂਦਾ ਹੈ। ਫਿਰ ਆਦਤ ਛੱਡਣਾ ਵੀ ਮੁਸ਼ਕਿਲ ਹੋ ਜਾਂਦੀ ਹੈ। ਬਹਾਨਾ ਕਿੰਨਾ ਕਰਦੇ ਹਨ। ਆਦਤ ਕੋਈ ਨਹੀਂ ਪਾਉਣੀ ਚਾਹੀਦੀ ਹੈ। ਛੀ - ਛੀ ਆਦਤਾਂ ਵੀ ਮਿਟਾਉਣੀਆਂ ਹਨ। ਬਾਪ ਕਹਿੰਦੇ ਹਨ ਜਿਉਂਦੇ ਜੀ ਸ਼ਰੀਰ ਦਾ ਭਾਨ ਛੱਡ ਮੈਨੂੰ ਯਾਦ ਕਰੋ। ਦੇਵਤਾ ਨੂੰ ਭੋਗ ਹਮੇਸ਼ਾ ਪਵਿੱਤਰ ਲਗਾਇਆ ਜਾਂਦਾ ਹੈ, ਤਾਂ ਤੁਸੀਂ ਵੀ ਪਵਿੱਤਰ ਭੋਜਨ ਖਾਓ। ਅੱਜਕਲ ਤਾਂ ਸੱਚਾ ਘਿਓ ਮਿਲਦਾ ਨਹੀਂ ਤੇਲ ਖਾਂਦੇ ਹਨ। ਉੱਥੇ ਤੇਲ ਆਦਿ ਹੁੰਦਾ ਨਹੀਂ। ਇੱਥੇ ਤਾਂ ਡੇਅਰੀ ਵਿੱਚ ਵੇਖੋ ਪਿਓਰ ਘਿਓ ਰੱਖਿਆ ਹੈ, ਝੂਠਾ ਵੀ ਰੱਖਿਆ ਹੈ। ਦੋਨੋ ਤੇ ਲਿਖਿਆ ਹੋਇਆ ਹੈ - ਪਿਓਰ ਘਿਓ, ਕੀਮਤ ਵਿੱਚ ਫਰਕ ਪੈ ਜਾਂਦਾ ਤਾਂ ਹੈ। ਹੁਣ ਤੁਸੀਂ ਬੱਚਿਆਂ ਨੂੰ ਫੁੱਲ ਵਾਂਗੂੰ ਖਿੜਿਆ ਹੋਇਆ ਹਰਸ਼ਿਤ ਰਹਿਣਾ ਚਾਹੀਦਾ ਹੈ। ਸ੍ਵਰਗ ਵਿੱਚ ਤਾਂ ਨੈਚਰੁਲ ਬਿਉਟੀ ਰਹਿੰਦੀ ਹੈ। ਉੱਥੇ ਪ੍ਰਕ੍ਰਿਤੀ ਵੀ ਸਤੋਪ੍ਰਧਾਨ ਹੋ ਜਾਂਦੀ ਹੈ। ਲਕਸ਼ਮੀ - ਨਾਰਾਇਣ ਜਿਹੀ ਨੈਚਰੁਲ ਬਿਉਟੀ ਇੱਥੇ ਕੋਈ ਬਣਾ ਨਾ ਸਕੇ। ਉਨ੍ਹਾਂ ਨੂੰ ਇਨ੍ਹਾਂ ਅੱਖਾਂ ਤੋਂ ਕੋਈ ਵੇਖ ਥੋੜੀ ਸਕਦੇ ਹਨ। ਹਾਂ, ਸਾਕਸ਼ਾਤਕਰ ਹੁੰਦਾ ਹੈ ਪਰ ਸਾਕਸ਼ਾਤਕਰ ਹੋਣ ਨਾਲ ਕੋਈ ਹੂਬਹੂ ਚਿੱਤਰ ਬਣਾ ਥੋੜੀ ਸਕਣਗੇ। ਹਾਂ ਕੋਈ ਆਰਟਿਸਟ ਨੂੰ ਸਾਕਸ਼ਾਤਕਰ ਹੁੰਦਾ ਜਾਵੇ ਅਤੇ ਉਸ ਸਮੇਂ ਬੈਠ ਬਣਾਏ। ਪਰ ਹੈ ਬੜਾ ਮੁਸ਼ਕਿਲ। ਤਾਂ ਤੁਸੀਂ ਬੱਚਿਆਂ ਨੂੰ ਬਹੁਤ ਨਸ਼ਾ ਰਹਿਣਾ ਚਾਹੀਦਾ ਹੈ। ਹੁਣ ਸਾਨੂੰ ਬਾਬਾ ਲੈਣ ਲਈ ਆਏ ਹਨ। ਬਾਪ ਤੋਂ ਸਾਨੂੰ ਸ੍ਵਰਗ ਦਾ ਵਰਸਾ ਮਿਲਣਾ ਹੈ। ਹੁਣ ਸਾਡੇ 84 ਜਨਮ ਪੂਰੇ ਹੋਏ। ਇਵੇਂ - ਇਵੇਂ ਖਿਆਲ ਬੁੱਧੀ ਵਿੱਚ ਰਹਿਣ ਨਾਲ ਖੁਸ਼ੀ ਹੋਵੇਗੀ। ਵਿਕਾਰ ਦਾ ਜਰਾ ਵੀ ਖਿਆਲ ਨਹੀਂ ਆਉਣਾ ਚਾਹੀਦਾ ਹੈ। ਬਾਪ ਕਹਿੰਦੇ ਹਨ ਕਾਮ ਮਹਾਸ਼ਤ੍ਰੂ ਹੈ। ਦ੍ਰੋਪਦੀ ਨੇ ਵੀ ਇਸਲਈ ਪੁਕਾਰਿਆ ਹੈ ਨਾ। ਉਨ੍ਹਾਂ ਨੂੰ ਕੋਈ 5 ਪਤੀ ਨਹੀਂ ਹੈ। ਉਹ ਤਾਂ ਪੁਕਾਰਦੀ ਸੀ ਕਿ ਸਾਨੂੰ ਇਹ ਦੁਸ਼ਾਸਨ ਨਗਨ ਕਰਦੇ ਹਨ, ਇਸ ਤੋਂ ਬਚਾਓ। ਫਿਰ 5 ਪਤੀ ਕਿਵੇਂ ਹੋ ਸਕਦੇ ਹਨ। ਇਵੇਂ ਗੱਲ ਹੋ ਨਹੀਂ ਸਕਦੀ। ਘੜੀ - ਘੜੀ ਤੁਸੀਂ ਬੱਚਿਆਂ ਨੂੰ ਨਵੀਂ - ਨਵੀਂ ਪੁਆਇੰਟਸ ਮਿਲਦੀ ਰਹਿੰਦੀ ਹੈ ਤਾਂ ਚੇਂਜ ਕਰਨਾ ਪਵੇ, ਕੁਝ ਨਾ ਕੁਝ ਚੇਂਜ ਕਰ ਅੱਖਰ ਪਾ ਦੇਣਾ ਚਾਹੀਦਾ ਹੈ।

ਤੁਸੀਂ ਲਿਖਦੇ ਹੋ ਥੋੜੇ ਸਮੇਂ ਦੇ ਅੰਦਰ ਅਸੀਂ ਇਸ ਭਾਰਤ ਨੂੰ ਪਰਿਸਤਾਨ ਬਣਾਵਾਂਗੇ। ਤੁਸੀਂ ਚੈਲੇਂਜ ਕਰਦੇ ਹੋ। ਬਾਪ ਕਹਿਣਗੇ ਬੱਚਿਆਂ ਨੂੰ, ਸਨ ਸ਼ੋਜ਼ ਫਾਦਰ, ਫਾਦਰ ਸ਼ੋਜ਼ ਸਨ। ਫਾਦਰ ਕੌਣ ਸੀ? ਸ਼ਿਵ ਅਤੇ ਸਾਲੀਗ੍ਰਾਮ, ਗਾਇਨ ਇਨ੍ਹਾਂ ਦਾ ਹੈ। ਸ਼ਿਵਬਾਬਾ ਜੋ ਸਮਝਾਉਂਦੇ ਹਨ ਉਸ ਤੇ ਫਾਲੋ ਕਰੋ। ਫਾਲੋ ਫਾਦਰ ਵੀ ਗਾਇਨ ਉਨ੍ਹਾਂ ਦਾ ਹੈ। ਲੌਕਿਕ ਫਾਦਰ ਨੂੰ ਫਾਲੋ ਕਰਨ ਨਾਲ ਤਾਂ ਤੁਸੀਂ ਪਤਿਤ ਬਣ ਜਾਂਦੇ ਹੋ।

ਇਹ ਤਾਂ ਫਾਲੋ ਕਰਾਉਂਦੇ ਹਨ ਪਾਵਨ ਬਣਾਉਣ ਦੇ ਲਈ। ਫਰਕ ਹੈ ਨਾ। ਬਾਪ ਕਹਿੰਦੇ ਹਨ - ਮਿੱਠੇ ਬੱਚੇ, ਫਾਲੋ ਕਰ ਪਵਿੱਤਰ ਬਣੋ। ਫਾਲੋ ਕਰਨ ਨਾਲ ਹੀ ਸ੍ਵਰਗ ਦੇ ਮਾਲਿਕ ਬਣੋਂਗੇ। ਲੌਕਿਕ ਬਾਪ ਨੂੰ ਫਾਲੋ ਕਰਨ ਨਾਲ 63 ਜਨਮ ਤੁਸੀਂ ਸੀੜੀ ਥੱਲੇ ਉਤਰੇ ਹੋ। ਹੁਣ ਬਾਪ ਨੂੰ ਫਾਲੋ ਕਰ ਉੱਪਰ ਚੜ੍ਹਨਾ ਹੈ। ਬਾਪ ਦੇ ਨਾਲ ਜਾਣਾ ਹੈ। ਬਾਪ ਕਹਿੰਦੇ ਹਨ ਇਹ ਇੱਕ - ਇੱਕ ਰਤਨ ਲੱਖਾਂ ਰੁਪਿਆ ਦਾ ਹੈ। ਤੁਸੀਂ ਬਾਪ ਨੂੰ ਜਾਣਕੇ ਬਾਪ ਤੋਂ ਵਰਸਾ ਪਾਉਂਦੇ ਹੋ। ਉਹ ਤਾਂ ਕਹਿੰਦੇ ਹਨ ਬ੍ਰਹਮ ਵਿੱਚ ਲੀਨ ਹੋ ਜਾਵਾਂਗੇ। ਲੀਨ ਤਾਂ ਹੋਣਾ ਨਹੀਂ ਹੈ, ਫਿਰ ਆਉਣਗੇ। ਬਾਪ ਰੋਜ਼ ਸਮਝਾਉਂਦੇ ਰਹਿੰਦੇ ਹਨ - ਮਿੱਠੇ - ਮਿੱਠੇ ਬੱਚਿਓ, ਪਹਿਲੇ - ਪਹਿਲੇ ਸਭ ਨੂੰ ਬਾਪ ਦਾ ਪਰਿਚੈ ਦੇਣਾ ਹੈ। ਪਾਰਲੌਕਿਕ ਬਾਪ ਵਰਸਾ ਦਿੰਦੇ ਹਨ ਪਾਵਨ ਬਣਾਉਣ ਦਾ, ਇਸਲਈ ਬੇਹੱਦ ਦੇ ਬਾਪ ਨੂੰ ਕਹਿੰਦੇ ਵੀ ਹਨ ਪਾਵਨ ਬਣਾਓ। ਉਹ ਹੈ ਪਤਿਤ - ਪਾਵਨ। ਲੌਕਿਕ ਬਾਪ ਨੂੰ ਪਤਿਤ - ਪਾਵਨ ਨਹੀਂ ਕਹਾਂਗੇ। ਉਹ ਆਪ ਹੀ ਪੁਕਾਰਦੇ ਰਹਿੰਦੇ ਹੇ ਪਤਿਤ - ਪਾਵਨ ਆਓ। ਤਾਂ ਦੋ ਬਾਪ ਦਾ ਪਰਿਚੈ ਸਭ ਨੂੰ ਦੇਣਾ ਹੈ। ਲੌਕਿਕ ਬਾਪ ਕਹਿਣਗੇ ਸ਼ਾਦੀ ਕਰ ਪਤਿਤ ਬਣੋ, ਪਾਰਲੌਕਿਕ ਬਾਪ ਕਹਿੰਦੇ ਹਨ ਪਾਵਨ ਬਣੋ। ਮੇਰੇ ਨੂੰ ਯਾਦ ਕਰਨ ਨਾਲ ਤੁਸੀਂ ਪਾਵਨ ਬਣ ਜਾਵੋਗੇ। ਇੱਕ ਬਾਪ ਸਭ ਨੂੰ ਪਾਵਨ ਬਣਾਉਣ ਵਾਲਾ ਹੈ। ਇਹ ਪੁਆਇੰਟਸ ਬਹੁਤ ਚੰਗੀ ਹੈ ਸਮਝਾਉਣ ਦੀ। ਵੱਖ - ਵੱਖ ਪ੍ਰਕਾਰ ਦੀ ਪੁਆਇੰਟਸ ਵਿਚਾਰ ਸਾਗਰ ਮੰਥਨ ਕਰ ਸਮਝਾਉਂਦੇ ਰਹੋ। ਇਹ ਤੁਹਾਡਾ ਹੀ ਧੰਧਾ ਹੋਇਆ ਹੈ। ਤੁਸੀਂ ਹੋ ਹੀ ਪਤਿਤਾਂ ਨੂੰ ਪਾਵਨ ਬਣਾਉਣ ਵਾਲੇ। ਪਾਰਲੌਕਿਕ ਬਾਪ ਹੁਣ ਕਹਿੰਦੇ ਹਨ ਪਾਵਨ ਬਣੋ ਜੱਦ ਕਿ ਵਿਨਾਸ਼ ਸਾਹਮਣੇ ਖੜਿਆ ਹੈ। ਹੁਣ ਕੀ ਕਰਨਾ ਚਾਹੀਦਾ ਹੈ? ਜਰੂਰ ਪਾਰਲੌਕਿਕ ਬਾਪ ਦੀ ਮੱਤ ਤੇ ਚਲਣਾ ਚਾਹੀਦਾ ਹੈ ਨਾ। ਇਹ ਵੀ ਪ੍ਰਤਿਗਿਆ ਲਿਖਣੀ ਚਾਹੀਦੀ ਹੈ ਪ੍ਰਦਰਸ਼ਨੀ ਵਿੱਚ। ਪਾਰਲੌਕਿਕ ਫਾਦਰ ਨੂੰ ਫਾਲੋ ਕਰਨਗੇ। ਪਤਿਤ ਬਣਨਾ ਛੱਡਣਗੇ। ਲਿਖੋ ਬਾਪ ਤੋਂ ਗਾਰੰਟੀ ਲੈਂਦੇ ਹੋ। ਸਾਰੀ ਗੱਲ ਹੈ ਪਿਓਰਿਟੀ ਦੀ। ਤੁਸੀਂ ਬੱਚਿਆਂ ਨੂੰ ਦਿਨ - ਰਾਤ ਖੁਸ਼ੀ ਹੋਣੀ ਚਾਹੀਦੀ ਹੈ - ਬਾਪ ਸਾਨੂੰ ਸ੍ਵਰਗ ਦਾ ਵਰਸਾ ਦੇ ਰਹੇ ਹਨ। ਅਲਫ਼ ਅਤੇ ਬੇ, ਬਾਦਸ਼ਾਹੀ। ਹੁਣ ਤੁਸੀਂ ਸਮਝਦੇ ਹੋ ਸ਼ਿਵ ਜਯੰਤੀ ਮਾਨਾ ਹੀ ਭਾਰਤ ਦੇ ਸ੍ਵਰਗ ਦੀ ਜਯੰਤੀ। ਗੀਤਾ ਹੀ ਸਰਵ ਸ਼ਾਸ਼ਤਰ ਮਈ ਸ਼ਿਰੋਮਣੀ ਹੈ। ਗੀਤਾ ਮਾਤਾ। ਵਰਸਾ ਤਾਂ ਬਾਪ ਤੋਂ ਹੀ ਮਿਲੇਗਾ। ਗੀਤਾ ਦਾ ਰਚਤਾ ਹੈ ਹੀ ਸ਼ਿਵਬਾਬਾ। ਪਾਰਲੌਕਿਕ ਬਾਪ ਤੋਂ ਪਾਵਨ ਬਣਨ ਦਾ ਵਰਸਾ ਮਿਲਦਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਅਸੀਂ ਗਾਡਲੀ ਸਟੂਡੈਂਟਸ ਹਾਂ, ਇਹ ਹਮੇਸ਼ਾ ਸਮ੍ਰਿਤੀ ਵਿੱਚ ਰੱਖਣਾ ਹੈ। ਕੋਈ ਵੀ ਛੀ -ਛੀ ਆਦਤ ਨਹੀਂ ਪਾਉਣੀ ਹੈ। ਉਨ੍ਹਾਂ ਨੂੰ ਮਿਟਾਉਣਾ ਹੈ । ਵਿਕਾਰ ਦਾ ਜ਼ਰਾ ਵੀ ਖਿਆਲ ਨਹੀਂ ਆਉਣਾ ਚਾਹੀਦਾ।

**2.** ਜਿਉਂਦੇ ਜੀ ਸ਼ਰੀਰ ਦਾ ਭਾਨ ਭੁਲਕੇ ਬਾਪ ਨੂੰ ਯਾਦ ਕਰਨਾ ਹੈ। ਵੱਖ - ਵੱਖ ਪੁਆਇੰਟਸ ਵਿਚਾਰ ਸਾਗਰ ਮੰਥਨ ਕਰ ਪਤਿਤਾਂ ਨੂੰ ਪਾਵਨ ਬਣਾਉਣ ਦਾ ਧੰਧਾ ਕਰਨਾ ਹੈ।

ਵਰਦਾਨ:- ਸੰਤੁਸ਼ਟਤਾ ਦੇ ਤ੍ਰਿਮੂਰਤੀ ਸਰਟੀਫਿਕੇਟ ਦ੍ਵਾਰਾ ਸਦਾ ਸਫਲਤਾ ਪ੍ਰਾਪਤ ਕਰਨ ਵਾਲੇ ਉੱਚ ਪਦਵੀ ਦੇ ਅਧਿਕਾਰੀ ਭਵ।

ਸਦਾ ਸਫਲ ਹੋਣ ਦੇ ਲਈ ਬਾਪ ਅਤੇ ਪਰਿਵਾਰ ਨਾਲ ਠੀਕ ਕੁਨੈਕਸ਼ਨ ਚਾਹੀਦਾ। ਹਰ ਇੱਕ ਨੂੰ ਤਿੰਨ ਸਰਟੀਫਿਕੇਟ ਲੈਣੇ ਹੈ - ਬਾਪ, ਆਪ ਅਤੇ ਪਰਿਵਾਰ। ਪਰਿਵਾਰ ਨੂੰ ਸੰਤੁਸ਼ਟ ਕਰਨ ਦੇ ਲਈ ਛੋਟੀ ਜਿਹੀ ਗੱਲ ਯਾਦ ਰੱਖੋ - ਕਿ ਰਿਗਾਰਡ ਦੇਣ ਦਾ ਰਿਕਾਰਡ ਨਿਰੰਤਰ ਚਲਦਾ ਰਹੇ, ਇਸ ਵਿੱਚ ਨਿਸ਼ਕਾਮ ਬਣੋ। ਬਾਪ ਨੂੰ ਸੰਤੁਸ਼ਟ ਕਰਨ ਦੇ ਲਈ ਸੱਚੇ ਬਣੋ। ਅਤੇ ਖੁਦ ਨਾਲ ਸੰਤੁਸ਼ਟ ਰਹਿਣ ਦੇ ਲਈ ਸਦਾ ਸ਼੍ਰੀਮਤ ਦੀ ਲਕੀਰ ਦੇ ਅੰਦਰ ਰਹੋ। ਇਹ ਤਿੰਨ ਸਰਟੀਫਿਕੇਟ ਉੱਚ ਪਦਵੀ ਦਾ ਅਧਿਕਾਰੀ ਬਣਾ ਦੇਵੇਗਾ

ਸਲੋਗਨ:- ਜੋ ਚਿੱਤਰ ਨੂੰ ਨਾ ਵੇਖ ਚੇਤੰਨ ਅਤੇ ਚਰਿਤ੍ਰ ਨੂੰ ਵੇਖਦੇ ਹਨ ਉਹ ਹੀ ਸ੍ਰੇਸ਼ਠ ਤਕਦੀਰਵਾਨ ਹਨ।

******

ਇਹ ਅਵਿਅਕਤ ਇਸ਼ਾਰੇ :- ਏਕਤਾ ਅਤੇ ਵਿਸ਼ਵਾਸ਼ ਦੀ ਵਿਸ਼ੇਸ਼ਤਾ ਦ੍ਵਾਰਾ ਸਫਲਤਾ ਸੰਪੰਨ ਬਣੋ

ਜਿਵੇਂ ਸਰਵ ਆਤਮਾਵਾਂ ਨੂੰ ਗਿਆਨ ਦੀ ਰੋਸ਼ਨੀ ਦੇਣ ਦੇ ਲਈ ਸਦਾ ਸ਼ੁਭ ਭਾਵਨਾ ਅਤੇ ਕਲਿਆਣ ਦੀ ਭਾਵਨਾ ਰੱਖਦੇ ਹੋ। ਅਜਿਹੇ ਆਪਣੇ ਇਸ ਦੇਵੀ ਸੰਗਠਨ ਨੂੰ ਵੀ ਇਕਰਸ ਸਥਿਤੀ ਵਿੱਚ ਸਥਿਤ ਕਰ ਸੰਗਠਨ ਦੀ ਸ਼ਕਤੀ ਨੂੰ ਵਧਾਉਣ ਦੀ ਕੋਸ਼ਿਸ਼ ਕਰੋ ਤਾਂ ਤੁਹਾਡੇ ਇਸ ਦੈਵੀ ਸੰਗਠਨ ਦੀ ਮੂਰਤ ਵਿੱਚ ਏਕਤਾ ਅਤੇ ਇਕਰਸ ਸਥਿਤੀ ਦਾ ਪ੍ਰਤੱਖ ਰੂਪ ਵਿੱਚ ਸਾਖਸ਼ਾਤਕਾਰ ਹੋਵੇਗਾ।